# ਬਰਿਕਲੇਅਰ



"ਮੈਂ ਸਦਾ ਅਜਿਹਾ ਕਿੱਤਾ ਚਾਹੁੰਦਾ ਸੀ ਜਿੱਥੇ ਮੈਂ ਹਰ ਰੋਜ਼ ਆਪਣੀ ਕ੍ਰੀਏਟੇਵਿਟੀ ਅਤੇ ਤਾਕਤ ਦੀ ਵਰਤੋਂ ਕਰ ਸਕਦਾ।"

## ਇਸ ਕਿੱਤੇ ਬਾਰੇ

ਬਰਿਕਲੇਅਰ ਕੰਧਾਂ, ਹਿੱਸੇ, ਫਾਇਰਪਲੇਸਾਂ ਅਤੇ ਚਿਮਨੀਆਂ ਵਰਗੇ ਢਾਂਚੇ ਬਣਾਉਣ ਅਤੇ ਰਿਪੇਅਰ ਕਰਨ ਲਈ ਇੱਟਾਂ ਤਿਆਰ ਕਰਦੇ ਹਨ, ਚਿਣਾਈ ਕਰਦੇ ਹਨ ਅਤੇ ਚਿਣਾਈ ਦੇ ਹੋਰ ਯੂਨਿਟ ਤਿਆਰ ਕਰਦੇ ਹਨ। ਉਹ ਕਮਰਸ਼ੀਅਲ ਜਾਂ ਇੰਡਸਟਰੀਅਲ ਪ੍ਰੋਜੈਕਟਾਂ ਵਿਚ ਫਾਇਰ ਬਰਿੱਕ ਜਾਂ ਕਾਸਟੇਬਲ ਸਾਮੱਗਰੀਆਂ ਵੀ ਲਗਾਉਂਦੇ ਹਨ।

ਘੰਟੇ ਦੀ ਤਨਖਾਹ

**$20.00-$40.00**
+ਬੈਨੇਫਿਟਸ

ਅਨੁਮਾਨਤ ਵਾਧਾ
(ਕਨਸਟਰੱਕਸ਼ਨ ਲੇਬਰ ਫੋਰਸ)
2020 ਦੇ ਮੁਕਾਬਲੇ ਦਹਾਕੇ ਦੌਰਾਨ 10%

*BuildForce Canada*

- ✓ ਤੁਸੀਂ ਆਪਣੇ ਹੱਥਾਂ ਨਾਲ ਕੰਮ ਕਰਨਾ ਪਸੰਦ ਕਰਦੇ ਹੋ।
- ✓ ਤੁਸੀਂ ਕ੍ਰੀਏਟਿਵ ਹੋ।
- ✓ ਤੁਹਾਨੂੰ ਰੰਗ, ਲਾਈਨ ਅਤੇ ਅਨੁਪਾਤ ਦੀ ਸੂਝ ਹੈ।

## ਜ਼ਿੰਮੇਵਾਰੀਆਂ

- ਲੋੜੀਂਦੀ ਸਾਮੱਗਰੀ ਦਾ ਹਿਸਾਬ ਲਾਉਣ ਲਈ ਨਕਸ਼ਿਆਂ ਅਤੇ ਬਲੂਪ੍ਰਿੰਟਸ ਨੂੰ ਪੜ੍ਹਨਾ
- ਲੈਵਲ ਦੀਆਂ ਪਰਤਾਂ ਨੂੰ ਯਕੀਨੀ ਬਣਾਉਣ ਲਈ ਪਲੰਬ ਲਾਈਨ ਅਤੇ ਮੇਸਨ ਦੇ ਲੈਵਲ ਦੀ ਵਰਤੋਂ ਕਰਦੇ ਹੋਏ ਪਹਿਲਾਂ ਖੂੰਜਿਆਂ ਨੂੰ ਮਿਣਨਾ ਅਤੇ ਉਸਾਰਨਾ।
- ਸੀਮਿੰਟ ਦੇ ਮਸਾਲੇ ਨੂੰ ਖਿਲਾਰਨਾ ਅਤੇ ਤਿਆਰ ਕਰਨਾ ਅਤੇ ਇੱਟਾਂ, ਕੰਕਰੀਟ ਦੇ ਬਲਾਕਾਂ ਜਾਂ ਚਿਣਾਈ ਦੇ ਹੋਰ ਯੂਨਿਟਾਂ ਨੂੰ ਟਿਕਾਉਣਾ
- ਹੈਂਡ ਅਤੇ ਪਾਵਰ ਟੂਲਜ਼ ਦੀ ਵਰਤੋਂ ਕਰਦੇ ਹੋਏ ਇੱਟਾਂ ਅਤੇ ਕੰਕਰੀਟ ਦੇ ਬਲਾਕਾਂ ਨੂੰ ਮਿਣਤੀ ਮੁਤਾਬਕ ਕੱਟਣਾ ਅਤੇ ਟ੍ਰਿਮ ਕਰਨਾ
- ਸੀਮਿੰਟ ਦੇ ਵੱਖ ਵੱਖ ਮਸਾਲਿਆਂ ਅਤੇ ਜੋੜਨ ਵਾਲੀਆਂ ਹੋਰ ਸਾਮੱਗਰੀਆਂ ਦੀਆਂ ਵਿਸ਼ੇਸ਼ਤਾਵਾਂ ਨੂੰ ਸਮਝਣਾ ਅਤੇ ਇਹ ਸਮਝਣਾ ਕਿ ਚਿਣਾਈ ਦੇ ਵੱਖ ਵੱਖ ਯੂਨਿਟਾਂ ਨੂੰ ਕਿਵੇਂ ਸਾਂਭਣਾ ਹੈ।

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਅਪਰੈਂਟਿਸਸ਼ਿਪ ਪ੍ਰੋਗਰਾਮ:**
4 ਸਾਲ, ਜਿਸ ਵਿਚ ਘੱਟੋ ਘੱਟ 5,000 ਘੰਟਿਆਂ ਦੀ ਟੈਕਨੀਕਲ ਟਰੇਨਿੰਗ, ਜੌਬ `ਤੇ ਟਰੇਨਿੰਗ ਅਤੇ ਇਮਤਿਹਾਨ ਸ਼ਾਮਲ ਹਨ। ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਜਰਨੀਪਰਸਨ ਸਰਟੀਫਿਕੇਟ ਦਿੱਤਾ ਜਾਂਦਾ ਹੈ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

ਅਪਰੈਂਟਿਸਸ਼ਿਪ ਦੀ ਮਿਆਦ ਦੀ ਲੰਬਾਈ ਨੂੰ ਘਟਾਉਣ ਲਈ ਸੰਭਵ ਤੌਰ `ਤੇ ਕਰੈਡਿਟ ਵਾਸਤੇ ਯੋਗ ਹੋਣ ਲਈ: ਪੜ੍ਹਾਈ ਦੇ ਪੂਰੇ ਕੀਤੇ ਹੋਏ ਕੋਰਸ, ਬਰਿਕਲੇਅਰ ਨਾਲ ਸੰਬੰਧਿਤ ਕੰਮ ਦਾ ਤਜਰਬਾ ਜਾਂ ਇਸ ਨਾਲ ਸੰਬੰਧਿਤ ਜਰਨੀਪਰਸਨ ਸਰਟੀਫਿਕੇਟ ਅਤੇ ਕੰਮ-ਮਾਲਕ ਦੀ ਸਿਫਾਰਸ਼।

ਸਿੱਖਣ ਤੋਂ ਪਹਿਲਾਂ ਦੀ ਅਸੈੱਸਮੈਂਟ ਵਾਸਤੇ ਅਪਲਾਈ ਕਰਨ ਲਈ: ਟਰੇਡ ਵਿਚ ਪਹਿਲਾਂ ਟਰੇਨਿੰਗ/ਕੰਮ ਦਾ ਤਜਰਬਾ ਅਤੇ ਹੁਨਰ ਅਤੇ ਗਿਆਨ ਦੇ ਪੱਧਰ ਦਾ ਫੈਸਲਾ ਕਰਵਾਉਣ ਦੀ ਇੱਛਾ ਜਾਂਅਪਰੈਂਟਿਸਸ਼ਿਪ ਪ੍ਰੋਗਰਾਮ ਵਿਚ ਅਡਵਾਂਸਡ ਸਟੈਂਡਿੰਗ।

### ਮੁੱਖ ਹੁਨਰ ਅਤੇ ਗੁਣ
(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਪੜ੍ਹਨਾ, ਗੱਲਬਾਤ, ਹਿਸਾਬ ਅਤੇ ਸਮੱਸਿਆ ਦਾ ਹੱਲ ਕਰਨਾ
- ਆਪਣੇ ਹੱਥਾਂ ਨਾਲ ਕੰਮ ਕਰਨ ਦੀ ਸਮਰੱਥਾ
- ਵੱਖ ਵੱਖ ਮੌਸਮਾਂ ਵਿਚ ਬਾਹਰ ਕੰਮ ਕਰਨ ਦੀ ਸਮਰੱਥਾ
- ਤਾਕਤ ਅਤੇ ਸਰੀਰਕ ਸ਼ਕਤੀ
- ਹੱਥਾਂ ਦੀ ਫੁਰਤੀ ਅਤੇ ਸੰਤੁਲਨ ਰੱਖਣ ਦੀ ਚੰਗੀ ਸਮਝ
- ਭਾਰੀ ਸਾਮੱਗਰੀ ਨਾਲ ਕੰਮ ਕਰਨ ਦੀ ਸਮਰੱਥਾ
- ਸਾਥੀ ਵਰਕਰਾਂ ਨਾਲ ਰਲ ਕੇ ਕੰਮ ਕਰਨ ਦੀ ਸਮਰੱਥਾ

Trowel Trades Training Association

College of the BC Building Trades

## ਕੀ ਤੁਹਾਨੂੰ ਪਤਾ ਸੀ?

ਜੇ ਤੁਹਾਡੇ ਕੋਲ ਨਮੂਨਿਆਂ, ਲਾਈਨਾਂ ਅਤੇ ਅਨੁਪਾਤਾਂ ਦੀ ਪਛਾਣ ਕਰਨ ਲਈ ਇਕ ਚੰਗੀ ਅੱਖ ਹੈ, ਤਾਂ ਬਰਿਕਲੇਅਰ ਲਈ ਇਹ ਇਕ ਵਧੀਆ ਗੁਣ ਹੈ। ਇਸ ਕਿੱਤੇ ਵਿਚ, ਤੁਸੀਂ ਆਪਣਾ ਕੰਮ ਕਰ ਸਕਦੇ ਹੋ ਜਾਂ ਕਨਸਟਰੱਕਸ਼ਨ ਕੰਪਨੀਆਂ ਅਤੇ ਬਰਿਕਲੇਇੰਗ ਠੇਕੇਦਾਰਾਂ ਲਈ ਕੰਮ ਕਰ ਸਕਦੇ ਹੋ।

info@collegeofthebcbt.ca | www.collegeofthebcbt.ca